# ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਦੇ ਪੰਜਾਬ ਐਕਟ ਨੰ: 35 ਤਹਿਤ ਸਥਾਪਤ)

ਕੰਟਰੋਲਰ (ਪ੍ਰੀਖਿਆਵਾਂ) ਦਫ਼ਤਰ

ਨੰ. 3602 /ਸੀ.ਓ.ਈ.
ਮਿਤੀ 10/10/2020

**ਸਮੂਹ ਵਿਭਾਗਾਂ ਦੇ ਮੁਖੀ ਸਾਹਿਬਾਨ,**
**ਸਮੂਹ ਕੰਸਟੀਚਿਊਟ ਕਾਲਜ/ਨੇਬਰਹੁੱਡ ਕੈਂਪਸ/ਰਿਜ਼ਨਲ ਸੈਂਟਰ ਅਤੇ ਕਾਲਜਾਂ ਦੇ ਪ੍ਰਿੰਸੀਪਲ/ਇੰਚਾਰਜ਼/ਕੋਆਰਡੀਨੇਟਰ ਸਾਹਿਬਾਨ,**

ਵੱਖ-ਵੱਖ ਕੋਰਸਾਂ ਦੇ ਉਹ ਵਿਦਿਆਰਥੀ ਜੋ ਆਪਣੇ ਕਲਾਸ/ਕੋਰਸ ਦੇ ਈਵਨ ਸਮੈਸਟਰ ਲਈ ਮਈ, 2020 ਦੀ ਪ੍ਰੀਖਿਆ ਲਈ ਪ੍ਰੀਖਿਆ ਫਾਰਮ ਅਤੇ ਫ਼ੀਸ ਸਮੇਂ-ਸਿਰ ਨਹੀਂ ਭਰ ਸਕੇ ਸਨ ਅਤੇ ਇਹ ਪ੍ਰੀਖਿਆਵਾਂ ਦੇਣ ਤੋਂ ਵਾਂਝੇ ਰਹਿ ਗਏ ਸਨ ਜਾਂ ਪ੍ਰਮੋਟ ਹੋਣੋ ਰਹਿ ਗਏ ਸਨ, ਦੀ ਮੰਗ ਨੂੰ ਮੁਖ ਰੱਖਦਿਆਂ ਅਤੇ ਉਹਨਾਂ ਦੇ ਭਵਿੱਖ ਦੇ ਮੱਦੇ-ਨਜ਼ਰ ਯੂਨੀਵਰਸਿਟੀ ਵਲੋਂ ਇਨ੍ਹਾਂ ਵਿਦਿਆਰਥੀਆਂ ਨੂੰ ਪ੍ਰੀਖਿਆ ਦੇਣ ਲਈ ਪ੍ਰੀਖਿਆ ਫਾਰਮ ਅਤੇ ਫ਼ੀਸ ਭਰਨ ਦਾ ਇੱਕ ਮੌਕਾ ਦਿੱਤਾ ਗਿਆ ਹੈ ਜਿਸ ਦੀ ਅੰਤਿਮ **ਮਿਤੀ 25 ਅਕਤੂਬਰ, 2020** ਨਿਰਧਾਰਿਤ ਕੀਤੀ ਗਈ ਹੈ। ਅਜਿਹੇ ਰੈਗੂਲਰ/ਪ੍ਰਾਈਵੇਟ/ਡਿਸਟੈਂਸ ਐਜੂਕੇਸ਼ਨ ਅਤੇ ਰੀ-ਅਪੀਅਰ ਵਿਦਿਆਰਥੀ ਜੋ ਇਸ ਮੌਕੇ ਦਾ ਲਾਭ ਲੈਣਾ ਚਾਹੁੰਦੇ ਹਨ, ਅਕਾਦਮਿਕ ਸੈਸ਼ਨ 2019-2020 ਦੇ even ਸਮੈਸਟਰ ਦੀ ਪ੍ਰੀਖਿਆ ਦੇਣ ਲਈ ਪ੍ਰੀਖਿਆ ਫਾਰਮ ਅਤੇ ਫ਼ੀਸ ਆਨਲਾਈਨ ਭਰ ਸਕਦੇ ਹਨ। ਪ੍ਰੀਖਿਆ ਫਾਰਮ ਅਤੇ ਫ਼ੀਸ ਆਨਲਾਈਨ ਭਰਨ ਲਈ ਪੋਰਟਲ ਖੁੱਲ੍ਹ ਚੁੱਕਿਆ ਹੈ। ਵਿਭਾਗਾਂ/ਕਾਲਜਾਂ ਵਿੱਚ ਪੜ੍ਹ ਰਹੇ ਰੈਗੂਲਰ ਅਤੇ ਡਿਸਟੈਂਸ ਐਜੂਕੇਸ਼ਨ ਦੇ ਰੈਗੂਲਰ ਵਿਦਿਆਰਥੀ ਜਿਨ੍ਹਾਂ ਨੇ ਸਾਰੇ ਵਿਸ਼ਿਆਂ ਦੇ ਪੇਪਰ ਦੇਣੇ ਹਨ ਆਪਣਾ ਪ੍ਰੀਖਿਆ ਫਾਰਮ ਆਨਲਾਈਨ ਭਰ ਸਕਦੇ ਹਨ ਪਰ ਬਣਦੀ ਪ੍ਰੀਖਿਆ ਫ਼ੀਸ ਸਬੰਧਿਤ ਵਿਭਾਗ ਰਾਹੀਂ ਭਰੀ ਜਾਵੇਗੀ। ਰੀ-ਅਪੀਅਰ/ਪ੍ਰਾਈਵੇਟ ਵਿਦਿਆਰਥੀ ਆਪਣਾ ਪ੍ਰੀਖਿਆ ਫਾਰਮ ਅਤੇ ਫ਼ੀਸ ਆਨਲਾਈਨ ਭਰ ਸਕਦੇ ਹਨ। ਇਸ ਸਬੰਧੀ ਵਿਦਿਆਰਥੀਆਂ ਨੂੰ ਸੂਚਿਤ ਕਰ ਦਿੱਤਾ ਜਾਵੇ।

10/10/2020
**ਕੰਟਰੋਲਰ (ਪ੍ਰੀਖਿਆਵਾਂ)**

Scanned with CamScanner